# ਬੀਬੀ ਭਾਨੀ ਜੀ

ਗੁਰੂ ਮਹਿਲ ਪਰੰਪਰਾ ਸਾਡਾ ਵਿਰਸਾ, ਸਾਡੀ ਸ਼ਾਨ ਤੇ ਸਾਡਾ ਗੌਰਵ ਹੈ। ਉਹ ਅਜਿਹਾ ਚਾਨਣ ਮੁਨਾਰਾ ਸਨ ਜਿਨ੍ਹਾਂ ਤੇ ਪੂਰੀ ਇਸਤਰੀ ਜਾਤੀ ਨੂੰ ਮਾਣ ਹੈ। ਉਨ੍ਹਾਂ ਵਿਚ ਇਕ ਅਜਿਹੀ ਸ਼ਕਤੀ ਸੀ ਜਿਧਰ ਵੀ ਗੁਰੂ ਸਾਹਿਬਾਨ ਨੇ ਇਸ਼ਾਰਾ ਕਰ ਦਿੱਤਾ ਅੰਤਮ ਸਵਾਸਾਂ ਤੱਕ ਉਸ ਆਗਿਆ ਨੂੰ ਤੋੜ ਨਿਭਾਇਆ। ਉਨ੍ਹਾਂ ਗੁਰੂ ਮਹਿਲਾਂ ਵਿਚੋਂ ਗੁਰੂ ਰਾਮਦਾਸ ਜੀ ਦੇ ਮਹਿਲ ਬੀਬੀ ਭਾਨੀ ਜੀ ਦਾ ਨਾਮ ਆਦਰਸ਼ ਸਿੱਖ ਸੁਆਣੀਆਂ ਵਿਚ ਗਿਣਿਆ ਜਾਂਦਾ ਹੈ। ਬੀਬੀ ਭਾਨੀ ਜੀ ਗੁਰੂ ਪਤਨੀ ਤੇ ਗੁਰੂ ਮਾਤਾ ਹੋਣ ਦੇ ਨਾਲ-ਨਾਲ ਹੋਰ ਰਿਸ਼ਤਿਆਂ ਦੀ ਛੋਹ ਨਾਲ ਗੁਰੂ ਸਾਹਿਬਾਨ ਨਾਲ ਸੰਬੰਧਤ ਸਨ। ਮਾਤਾ ਜੀ ਗੁਰੂ ਅਮਰਦਾਸ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਕਿਸੇ ਨਾ ਕਿਸੇ ਰਿਸ਼ਤੇ ਵਿਚ ਜੁੜੇ ਸਨ। ਬੀਬੀ ਭਾਨੀ ਜੀ ਨੇ ਪਤੀ ਅਤੇ ਪਿਤਾ ਦੇ ਰਿਸ਼ਤੇ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਦਾ ਜਨਮ ਉਸ ਸਮੇਂ ਹੋਇਆ ਜਦੋਂ ਸਿੱਖ ਧਰਮ ਆਪਣੀਆਂ ਜੜ੍ਹਾਂ ਕਾਫ਼ੀ ਹੱਦ ਤਕ ਜਮਾ ਚੁੱਕਿਆ ਸੀ।

ਬੀਬੀ ਭਾਨੀ ਜੀ ਦਾ ਜਨਮ ਗੁਰੂ ਅਮਰਦਾਸ ਜੀ ਦੇ ਘਰ ਮਾਤਾ ਮਨਸਾ ਦੇਵੀ ਦੀ ਕੁੱਖੋਂ, ਪਿੰਡ ਬਾਸਰਕੇ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ 1590 ਵਿਚ ਹੋਇਆ। ਗੁਰੂ ਅਮਰਦਾਸ ਜੀ ਦੇ ਘਰ ਦੋ ਲੜਕੀਆਂ ਪੈਦਾ ਹੋਈਆਂ, ਜਿਨ੍ਹਾਂ ਵਿਚੋਂ ਬੀਬੀ ਭਾਨੀ ਜੀ ਛੋਟੇ ਸਨ। ਬਚਪਨ ਤੋਂ ਹੀ, ਬੀਬੀ ਭਾਨੀ ਜੀ ਆਪਣੇ ਪਿਤਾ ਦੀ ਸੇਵਾ ਵਿਚ ਲੱਗੇ ਰਹਿੰਦੇ ਸਨ। ਉਨ੍ਹਾਂ ਦੀ ਗੁਰੂ-ਭਗਤੀ ਤੇ ਸੇਵਾ-ਭਾਵ ਨੂੰ ਵੇਖ ਕੇ ਹੀ ਉਨ੍ਹਾਂ ਦਾ ਨਾਂ ਭਾਨੀ ਰੱਖਿਆ ਗਿਆ। ਉਨ੍ਹਾਂ ਨੇ ਆਪਣੇ ਜੀਵਨ ਵਿਚ ਅਤਿਅੰਤ ਸੁੰਦਰ ਕਾਰਨਾਮੇ ਕੀਤੇ। ਇਕ ਵਾਰ ਪਿਤਾ ਜੀ ਦੇ ਇਸ਼ਨਾਨ ਦੌਰਾਨ ਚੌਕੀ ਦਾ ਪਾਵਾ ਟੁੱਟ ਗਿਆ। ਗੁਰੂ ਸਾਹਿਬ ਨੂੰ ਕੋਈ ਮੁਸ਼ਕਲ ਨਾ ਆਵੇ ਇਸ ਲਈ ਪਾਵੇ ਦੀ ਥਾਂ ਉਨ੍ਹਾਂ ਨੇ ਆਪਣਾ ਹੱਥ ਰੱਖ ਦਿੱਤਾ। ਪਿਤਾ ਦੇ ਪੁੱਛਣ 'ਤੇ ਕੋਈ ਜਵਾਬ ਨਾ ਦਿੱਤਾ ਤੇ ਬੜੀ ਸ਼ਿੱਦਤ ਨਾਲ ਇਸ ਦਾ ਸਾਹਮਣਾ ਕੀਤਾ।



**ਔਖੇ ਸ਼ਬਦਾਂ ਦੇ ਅਰਥ**

ਗੁਰੂ ਮਹਿਲ : ਗੁਰੂ ਘਰ ਨਾਲ ਸੰਬੰਧਤ ਗੁਰੂ ਪਤਨੀਆਂ



ਬੀਬੀ ਭਾਨੀ ਜੀ ਦੀ ਜ਼ਿੰਦਗੀ ਦਾ ਬਹੁਤ ਵੱਡਾ ਹਿੱਸਾ ਪਿਤਾ ਤੇ ਆਪਣੇ ਪੁੱਤਰ ਦੀ ਦੇਖਭਾਲ ਵਿਚ ਗੁਜ਼ਰਿਆ। ਗੁਰੂ ਘਰ ਦੇ ਸਾਰੇ ਕਾਰਜਾਂ ਬਾਰੇ ਪਿਤਾ ਅਤੇ ਪਤੀ ਤੋਂ ਜਾਣਕਾਰੀ ਲਈ। ਪੰਜਵੇਂ ਗੁਰੂ ਸਾਹਿਬਾਨ ਨੇ ਜੋ ਵੀ ਪ੍ਰਾਪਤੀਆਂ ਕੀਤੀਆਂ ਉਨ੍ਹਾਂ ਦੀ ਮਿਹਨਤ ਦਾ ਫ਼ਲ ਸੀ। ਪਰ ਨਾਲ ਹੀ ਬੀਬੀ ਭਾਨੀ ਦੀਆਂ ਅਸੀਸਾਂ ਵੀ ਸਨ। ਬੀਬੀ ਜੀ ਨੇ ਆਪਣੇ ਬਜ਼ੁਰਗਾਂ ਦੁਆਰਾ ਅਰੰਭ ਕੀਤੇ ਸਾਰੇ ਕਾਰਜਾਂ ਨੂੰ ਸਫਲਤਾਪੂਰਵਕ ਨਿਭਾਉਣ ਦੀ ਸਲਾਹ ਦਿੱਤੀ। ਉਨ੍ਹਾਂ ਨੇ ਘਰੇਲੂ ਜੀਵਨ ਨੂੰ ਸੁਖਾਵਾਂ ਬਨਾਉਣ ਲਈ ਵਿਸ਼ੇਸ਼ ਯੋਗਦਾਨ ਪਾਇਆ। ਗੁਰੂ ਹਰਿਗੋਬਿੰਦ ਜੀ ਦੇ ਪਾਲਣ-ਪੋਸ਼ਣ ਵਿਚ ਬੀਬੀ ਭਾਨੀ ਜੀ ਦਾ ਵਿਸ਼ੇਸ਼ ਯੋਗਦਾਨ ਹੈ। ਮਾਂ ਭਾਨੀ ਦੀਆਂ ਬਰਕਤਾਂ ਵਾਲੀਆਂ ਲੋਰੀਆਂ ਨੇ ਇਕ ਅਜਿਹੇ ਯੋਧੇ ਨੂੰ ਜਨਮ ਦਿੱਤਾ ਜਿਸ ਨੇ ਗੁਰੂ ਘਰ ਵਿਚ ਚਲਦੀ ਆ ਰਹੀ ਸ਼ਾਂਤ ਲਹਿਰ ਨੂੰ ਝੰਜੋੜ ਕੇ ਪੀਰੀ ਦੇ ਨਾਲ ਮੀਰੀ ਵੀ ਜੋੜ ਦਿੱਤੀ।

ਵਿਆਹ ਯੋਗ ਹੋਣ 'ਤੇ ਮਾਤਾ ਮਨਸਾ ਦੇਵੀ ਜੀ ਨੇ ਗੁਰੂ ਅਮਰਦਾਸ ਜੀ ਅੱਗੇ ਜ਼ਿਕਰ ਕੀਤਾ। ਉਨ੍ਹਾਂ ਨੇ ਪੁੱਤਰੀ ਲਈ ਵਰ ਲੱਭਣ ਲਈ ਕਿਹਾ। ਇਹ ਇੱਛਾ ਵੀ ਪ੍ਰਗਟ ਕੀਤੀ ਕਿ ਵਰ ਭਾਈ ਜੇਠਾ ਵਰਗਾ ਹੋਣਾ ਚਾਹੀਦਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਭਾਈ ਜੇਠਾ ਤਾਂ ਜੇਠਾ ਹੀ ਹੋ ਸਕਦਾ ਹੈ ਉਸ ਤੋਂ ਸਿਵਾਏ ਹੋਰ ਕੋਈ ਨਹੀਂ। ਜੇਠਾ ਜੀ ਵੇਖਣ ਨੂੰ ਬਹੁਤ ਹੀ ਸੁੰਦਰ ਸਨ। ਇਸ ਤਰ੍ਹਾਂ ਜੇਠਾ ਜੀ ਨੂੰ ਵਿਆਹ ਲਈ ਚੁਣਿਆ ਗਿਆ। ਵਿਆਹ ਤੋਂ ਬਾਅਦ ਬੀਬੀ ਭਾਨੀ ਜੀ ਤੇ ਜੇਠਾ ਜੀ ਗੁਰੂ ਅਮਰਦਾਸ ਜੀ ਦੇ ਨੇੜੇ ਹੀ ਰਹਿਣ ਲੱਗੇ। ਗੁਰੂ ਜੀ ਨੇ ਕਈ ਵਾਰ ਜੇਠਾ ਜੀ ਦੀ ਪ੍ਰੀਖਿਆ ਲਈ, ਜਿਸ ਵਿਚ ਉਹ ਹਰ ਵਾਰ ਖਰੇ ਉਤਰੇ। ਬੀਬੀ ਜੀ ਦੇ ਘਰ ਤਿੰਨ ਪੁੱਤਰਾਂ ਨੇ ਜਨਮ ਲਿਆ ਜਿਨ੍ਹਾਂ ਵਿਚੋਂ ਪ੍ਰਿਥੀ ਚੰਦ ਜੀ ਪਹਿਲੇ, ਮਹਾਂਦੇਵ ਜੀ ਦੂਜੇ ਅਤੇ ਗੁਰੂ ਅਰਜਨ ਦੇਵ ਜੀ ਸਭ ਤੋਂ ਛੋਟੇ ਸਨ। ਬੀਬੀ ਜੀ ਅੰਦਰ ਮਨੁੱਖਤਾ ਦੇ ਹਾਵ-ਭਾਵ ਕੁੱਟ-ਕੁੱਟ ਕੇ ਭਰੇ ਹੋਏ ਸਨ।

ਬੀਬੀ ਜੀ ਨੇ ਕੁਝ ਅਜਿਹੇ ਜੀਵਨ-ਮੁੱਲਾਂ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ ਜੋ ਤਪ, ਤਿਆਗ, ਸੇਵਾ-ਭਾਵ ਤੇ ਕੁਰਬਾਨੀ ਦੇ ਜਜ਼ਬੇ ਨਾਲ ਭਰਿਆ ਹੋਇਆ ਸੀ। ਇਤਿਹਾਸ ਨੂੰ ਅਤਿ ਨਾਜ਼ੁਕ ਤੇ ਸੰਕਟ ਭਰੇ ਦੌਰ ਵਿਚ ਇਕ ਮਹਾਨ ਜ਼ਿੰਮੇਵਾਰੀ ਸੌਂਪਣੀ ਸੀ। ਗੁਰੂ ਅਮਰਦਾਸ ਜੀ ਨੇ ਬੀਬੀ ਭਾਨੀ ਜੀ ਨੂੰ ਵਰ ਮੰਗਣ ਲਈ ਕਿਹਾ ਤਾਂ ਆਪ ਨੇ ਗੁਰੂ ਪਰੰਪਰਾ ਆਪਣੇ ਹੀ ਵੰਸ਼ ਵਿਚ ਚਲਦੀ ਰਹਿਣ ਦਾ ਵਰ ਮੰਗਿਆ। ਪਰ ਆਪ ਜੀ ਨੂੰ ਪਤਾ ਨਹੀਂ ਸੀ ਕਿ ਬਿਨਾਂ ਵਿਚਾਰੇ ਜੋ ਵਰ ਆਪ ਨੇ ਮੰਗਿਆ ਹੈ ਉਸ ਦਾ ਨਤੀਜਾ ਸੰਕਟਾਂ ਤੋਂ ਰਹਿਤ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਪੀਰੀ | :ਸੰਤ-ਮਹਾਤਮਾ ਲਈ ਪ੍ਰਥਾ, ਮੁਕਤੀ |
| ਮੀਰੀ | :ਰਾਜਨੀਤਕ ਅਮੀਰੀ, ਬਾਦਸ਼ਾਹੀ |
| ਭਾਨੀ | :ਭਾਣਾ ਮੰਨਣ ਵਾਲੀ (ਇੱਥੇ ਭਾਵ ਹੈ ਬੀਬੀ ਭਾਨੀ) |
| ਝੰਜੋੜਨਾ | :ਹਿਲਾ ਦੇਣਾ |
| ਖਰੇ ਉਤਰਨਾ | :ਪੂਰਾ ਉਤਰਨਾ |

ਨਹੀਂ ਹੋਵੇਗਾ, ਅਤੇ ਇਹੀ ਕਥਨ ਭਵਿੱਖ ਵਿਚ ਸਹੀ ਨਿਕਲਿਆ। ਗੁਰੂ ਅਰਜਨ ਦੇਵ ਜੀ, ਗੁਰੂ ਤੇਗ਼ ਬਹਾਦਰ ਜੀ ਤੇ ਸਾਹਿਬਜ਼ਾਦਿਆਂ ਨੂੰ ਕਿੰਝ ਕੁਰਬਾਨੀਆਂ ਦੇਣੀਆਂ ਪਈਆਂ। ਪਰ ਚੜ੍ਹਦੀ ਕਲਾ ਵਿਚ ਰਹਿਣ ਵਾਲੀ ਆਤਮਾ ਆਪਣੇ ਦੁੱਖਾਂ ਵਿਚ ਭਾਵੁਕ ਹੋ ਕੇ ਡੋਲੀ ਨਹੀਂ ਸਗੋਂ ਇਸ ਗੱਲ ਦਾ ਅਹਿਸਾਸ ਕਰਵਾਇਆ ਕਿ ਅਜਿਹੇ ਦਿਲ ਹਿਲਾ ਦੇਣ ਵਾਲੇ ਜ਼ੁਲਮ ਉਨ੍ਹਾਂ ਦਾ ਖ਼ਾਨਦਾਨ ਹੀ ਸਹਿ ਸਕਦਾ ਹੈ। ਉਨ੍ਹਾਂ ਨੇ ਦੁੱਖ-ਸੁਖ ਨੂੰ ਨਦੀ ਦੇ ਦੋ ਕਿਨਾਰਿਆਂ ਦੀ ਤਰ੍ਹਾਂ ਲਿਆ। ਜੋ ਕਿ ਆਪਸ ਵਿਚ ਮਿਲਦੇ ਨਹੀਂ ਪਰ ਆਪਣੀ ਹੋਂਦ ਦਾ ਅਹਿਸਾਸ ਜ਼ਰੂਰ ਕਰਵਾਉਂਦੇ ਹਨ।

ਸਿੱਖ ਧਰਮ ਵਿਚ ਗੁਰ-ਪਤਨੀ ਨੂੰ ਸਨਮਾਨ ਦੀ ਦ੍ਰਿਸ਼ਟੀ ਨਾਲ ਵੇਖਿਆ ਜਾਂਦਾ ਹੈ ਤਾਂ ਹੀ ਤੇ ਉਨ੍ਹਾਂ ਨੂੰ ਗੁਰੂ-ਮਹਿਲ ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਉਂਝ ਤਾਂ ਸਿੱਖ ਧਰਮ ਵਿਚ ਗੁਰੂ ਮਹਿਲਾਂ ਨੇ ਆਪਣੀ ਸਮਰੱਥਾ ਅਨੁਸਾਰ ਯੋਗਦਾਨ ਪਾਇਆ ਹੈ ਪਰ ਭਗਤੀ ਭਾਵ ਦੁਆਰਾ ਜੋ ਸਥਾਨ ਬੀਬੀ ਭਾਨੀ ਜੀ ਨੂੰ ਪ੍ਰਾਪਤ ਹੋਇਆ ਹੈ, ਹੋਰ ਕਿਸੇ ਨੂੰ ਹਾਸਲ ਨਹੀਂ ਹੋਇਆ।



ਬੀਬੀ ਭਾਨੀ ਜੀ ਗੁਰੂ ਭਾਵ, ਸੇਵਾ ਭਾਵ ਰੱਖਣ ਵਾਲੇ, ਕਸ਼ਟ ਸਹਿਣ ਵਿਚ ਸਾਹਸੀ, ਮਿਹਨਤੀ ਤੇ ਦੂਰ ਅੰਦੇਸ਼ੀ ਸਨ। ਗੁਰੂ ਘਰ ਦੀ ਸੇਵਾ, ਲੰਗਰ ਦੀ ਸੇਵਾ ਕਰਨ ਵਿਚ ਮਾਹਿਰ ਬੀਬੀ ਭਾਨੀ ਨੇ ਇਸ ਗੱਲ ਦੀ ਸੋਝੀ ਵੀ ਦਿੱਤੀ ਕਿ ਸਬਰ, ਸੰਤੋਖ ਨਾਲ ਦੁੱਖਾਂ ਨੂੰ ਸਹਿਣਾ ਚਾਹੀਦਾ ਹੈ ਤਾਂ ਹੀ ਗੁਰੂ ਰੱਖਿਆ ਕਰਦਾ ਹੈ। 1655 ਈ. ਵਿਚ ਬੀਬੀ ਜੀ ਗੋਇੰਦਵਾਲ ਵਿਖੇ ਜੋਤੀ-ਜੋਤ ਸਮਾ ਗਏ। ਆਪਣੀ ਕੌਮ ਲਈ ਚੰਗੀ ਸੇਧ ਪ੍ਰਦਾਨ ਕਰਨ ਵਾਲੀ ਬੀਬੀ ਭਾਨੀ ਜੀ ਵਰਗੀ ਸ਼ਖ਼ਸੀਅਤ ਦੀ ਲੋੜ ਹੈ ਜੋ ਕੌਮ ਤੇ ਇਤਿਹਾਸ ਨੂੰ ਨਵਾਂ ਮੋੜ ਦੇ ਸਕੇ।

**ਸੁਖਵਿੰਦਰ ਕੌਰ**

## ਟਿੱਪਣੀ

ਇਸ ਪਾਠ ਤੋਂ ਸਾਨੂੰ ਬੀਬੀ ਭਾਨੀ ਜੀ ਦੇ ਜੀਵਨ ਬਾਰੇ ਜਾਣਕਾਰੀ ਮਿਲਦੀ ਹੈ। ਬੀਬੀ ਭਾਨੀ ਜੀ ਅੰਦਰ ਅਥਾਹ ਸੇਵਾ, ਸ਼ਰਧਾ, ਪਿਆਰ, ਵਿਸ਼ਵਾਸ ਤੇ ਚਰਿੱਤਰ ਦੀ ਸਾਫ ਸੁਥਰੀ ਝਲਕ ਦਿਖਾਈ ਦਿੰਦੀ ਹੈ। ਉਹ ਨਿਮਰਤਾ ਨਾਲ ਭਰਪੂਰ ਪੁੱਤਰੀ, ਪਤੀ ਦੀ ਆਗਿਆ ਦਾ ਪਾਲਣ ਕਰਨ ਵਾਲੀ ਪਤਨੀ ਤੇ ਇਕ ਸਾਹਸੀ ਮਾਂ ਸਨ। ਉਨ੍ਹਾਂ ਨੇ ਭਗਤੀ ਤੇ ਸੇਵਾ ਵਿਚ ਪੂਰੀ ਤਰ੍ਹਾਂ ਲੀਨ ਗੁਰੂ ਮਹਿਲਾਂ ਦੀ ਮਿਸਾਲ ਕਾਇਮ ਕੀਤੀ ਹੈ। ਜੀਵਨ ਵਿਚ ਸੇਵਾ ਅਤੇ

ਸੇਵਾ ਵਿਚ ਜੀਵਨ ਪਾਉਣ ਵਾਲੀ ਬੀਬੀ ਭਾਨੀ ਜੀ ਨੇ ਸਿੱਖ ਧਰਮ ਵਿਚ ਜਿਸ ਤਰ੍ਹਾਂ ਆਪਣਾ ਉੱਚ ਸਥਾਨ ਬਣਾਇਆ ਇਹ ਇਕ ਅਦੁੱਤੀ ਮਿਸਾਲ ਹੈ। ਉਹ ਸਾਡੇ ਸਭ ਲਈ ਚਾਨਣ-ਮੁਨਾਰਾ ਹਨ।

## ਅਭਿਆਸ

**1. ਦੱਸੋ ਖਾਂ ਭਲਾ :**

(i) ਬੀਬੀ ਭਾਨੀ ਜੀ ਦੇ ਮੁੱਢਲੇ ਜੀਵਨ ਉੱਤੇ ਰੋਸ਼ਨੀ ਪਾਉ ?

(ii) ਸਿੱਖ ਧਰਮ ਵਿਚ ਗੁਰੂ-ਪਤਨੀ ਨੂੰ ਕਿਹੜੇ ਨਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ?

(iii) ਬੀਬੀ ਭਾਨੀ ਜੀ ਦਾ ਜਨਮ ਕਦੋਂ ਤੇ ਕਿਥੇ ਹੋਇਆ ?

(iv) ਬੀਬੀ ਭਾਨੀ ਜੀ ਦੇ ਪਿਤਾ, ਪਤੀ, ਪੁੱਤਰ ਅਤੇ ਪੋਤਰੇ ਦਾ ਕੀ ਨਾਂ ਸੀ ? ਕ੍ਰਮਵਾਰ ਦਸੋ ਕਿ ਉਹ ਸਿੱਖਾਂ ਦੇ ਕਿਹੜੇ-ਕਿਹੜੇ ਗੁਰੂ ਸਾਹਿਬ ਹਨ ?

(v) ਬੀਬੀ ਭਾਨੀ ਜੀ ਕਿਹੜੇ ਗੁਣਾਂ ਦੇ ਧਾਰਨੀ ਸਨ ?

(vi) ਬੀਬੀ ਭਾਨੀ ਜੀ ਨੇ ਕਿਸ ਤੋਂ ਤੇ ਕੀ ਵਰ ਮੰਗਿਆ ?

## ਆਉ ਕੁਝ ਹੋਰ ਕਰੀਏ

**ੳ. ਪਾਠ ਤੋਂ ਅੱਗੇ**

(i) ਸਿੱਖ ਧਰਮ ਵਿਚ ਆਈਆਂ ਬੀਬੀਆਂ ਵਿਚੋਂ ਕਿਸੇ ਇਕ ਹੋਰ ਮਹਾਨ ਬੀਬੀ ਬਾਰੇ ਜਾਣਕਾਰੀ ਦਿਉ ?

(ii) ਬੀਬੀ ਭਾਨੀ ਜੀ ਬਾਰੇ ਗੁਰੂ ਪੁੱਤਰੀ, ਗੁਰੂ ਪਤਨੀ, ਗੁਰੂ ਮਾਤਾ ਦੇ ਰੂਪ ਵਿਚ ਵਿਸ਼ੇਸ਼ ਜਾਣਕਾਰੀ ਇਕੱਤਰ ਕਰਦੇ ਹੋਏ ਪ੍ਰੋਜੈਕਟ ਤਿਆਰ ਕਰੋ।

(iii) ਤੁਹਾਨੂੰ ਬੀਬੀ ਭਾਨੀ ਦੀਆਂ ਕਿੰਨ੍ਹਾਂ ਗੱਲਾਂ ਨੇ ਪ੍ਰਭਾਵਿਤ ਕੀਤਾ ਹੈ ? ਵਿਸਥਾਰ ਨਾਲ ਲਿਖੋ।

**ੲ. ਖਾਲੀ ਥਾਵਾਂ ਭਰੋ :**

(i) ਬੀਬੀ ਭਾਨੀ ਜੀ ..... ਵਿਚਾਰਾਂ ਦੇ ਧਾਰਨੀ ਸਨ।

(ii) ਨਿਸ਼ਕਾਮ ਸੇਵਾ ...... ਦੀ ਸ਼ਖਸੀਅਤ ਦਾ ਅਹਿਮ ਗੁਣ ਸੀ।

(iii) ਬੀਬੀ ਭਾਨੀ ਜੀ ਅੰਦਰ ਪ੍ਰਭੂ ਪ੍ਰਤੀ ...... ਵਿਸ਼ਵਾਸ ਸੀ।

(iv) ਬੀਬੀ ਜੀ ਅੰਦਰ ਮਨੁੱਖਤਾ ਦੇ ...... ਕੁੱਟ-ਕੁੱਟ ਕੇ ਭਰੇ ਸਨ।

(v) ਬੀਬੀ ਭਾਨੀ ... ਈਸਵੀ ਵਿਚ ... ਵਿਖੇ ਜੋਤੀ ਜੋਤ ਸਮਾਏ।

| | |
|---|---|
| ਲਗਨ | ਗੁਣ |
| ਗੋਇੰਦਵਾਲ | ਉਨ੍ਹਾਂ |
| ਧਾਰਮਿਕ | 1655 |

**ਅ. ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ :**

ਸੈਹਰ –
ਮਰਣਾ –
ਡਰਣਾ –
ਸੋਹਨਾ –
ਸੇਹਤ –
ਧੁੰਧ –

**ੲ. ਵਾਕਾਂ ਨੂੰ ਸ਼ੁੱਧ ਕਰਕੇ ਲਿਖੋ :**

(i) ਮੇਹਨਤ ਦਾ ਮਿਠਾ ਫਲ ਹੁੰਦਾ ਹੈ।
(ii) ਉਹ ਪਟਿਆਲਾ ਜਾਨਾ ਹੈ।
(iii) ਪੁਰਾਣੇ ਲੋਗ ਬਹਿਮਾਂ-ਭਰਮਾਂ ਵਿਚ ਫਸੇ ਹੈ।
(iv) ਭਗਤ ਸਿੰਘ ਦਾ ਨਹਾਰਾ ਸੀ 'ਇਨਕਲਾਬ ਜ਼ਿੰਦਾਬਾਦ'।
(v) ਮੇਰੇ ਪਾਸ ਬਾਹਿਗੁਰੂ ਦਾ ਦਿਤਾ ਬਥੇਰਾ ਕੁਜ ਹੈ।

**ਸ. ਵਿਸਰਾਮ ਚਿੰਨ੍ਹ ਲਗਾਉ :**

ਕਿਉਂ ਕਾਕਾ ਤੂੰ ਦੁੱਧ ਪੀਏਂਗਾ ਮਾਂ ਨੇ ਪਿਆਰ ਨਾਲ ਪੁੱਛਿਆ ਰਵਿੰਦਰ ਨੇ ਉੱਤਰ ਦਿੱਤਾ ਨਹੀਂ ਮਾਤਾ ਜੀ ਅੱਜ ਮੇਰੀ ਸਿਹਤ ਠੀਕ ਨਹੀਂ